Old Capitol Building
PO Box 47200
Olympia, WA 98504-7200

k12.wa.us

Washington Office of Superintendent of
**PUBLIC INSTRUCTION**
Chris Reykdal, Superintendent

# ਖ਼ਾਸ ਸਿੱਖਿਆ ਭਾਈਚਾਰਾ ਸ਼ਿਕਾਇਤ (SECC) ਵਾਸਤੇ ਬੇਨਤੀ

(ਨਿਯਤ ਪ੍ਰਕਿਰਿਆਵਾਸਤੇ ਬੇਨਤੀ ਕਰਨ ਲਈ ਵੱਖਰੇ ਫਾਰਮ ਦੀ ਵਰਤੋਂ ਕਰੋ)

ਇਹ ਫਾਰਮ ਵਿਕਲਪਕ ਹੈ। ਸਾਡਾ ਦਫ਼ਤਰ ਤੁਹਾਡੀ ਸ਼ਿਕਾਇਤ 'ਤੇ ਕਾਰਵਾਈ ਕਰਨ ਵਾਸਤੇ ਤੁਹਾਡੇ ਦੁਆਰਾ ਦਿੱਤੀ ਗਈ ਜਾਣਕਾਰੀ ਦੀ ਵਰਤੋਂ ਕਰੇਗਾ। ਵਿਅਕਤੀਗਤ ਸਿੱਖਿਆ ਪ੍ਰੋਗਰਾਮ (Individualized Education Program, IEP) ਪ੍ਰਕਿਰਿਆ ਅਤੇ ਵਿਦਿਆਰਥੀ/ਪਰਿਵਾਰ ਦੇ ਅਧਿਕਾਰਾਂ ਬਾਰੇ ਹੋਰ ਜਾਣਕਾਰੀ ਵਾਸਤੇ, ਜਨਤਕ ਹਦਾਇਤਾਂ ਦੇ ਸੁਪਰਡੈਂਟ ਦੇ ਦਫ਼ਤਰ (Office of Superintendent of Public Instruction, OSPI), ਖ਼ਾਸ ਸਿੱਖਿਆ ਵਿਵਾਦ ਨਿਵਾਰਨ ਦੀ ਵੈੱਬਸਾਈਟ ਵੇਖੋ।

| | |
|---|---|
| **ਇਸ ਪਤੇ ਤੇ ਭੇਜੋ:** Dr. Tania May<br>Assistant Superintendent<br>OSPI, Special Education<br>PO Box 47200<br>Olympia, WA 98504-7200<br>ਫੈਕਸ: 360-586-0247<br>speced@k12.wa.us<br><br>ਭੇਜਣ ਦੀ ਮਿਤੀ: ______________ | **ਇੱਥੇ ਵੀ ਭੇਜੋ:** ਜਨਤਕ ਏਜੰਸੀ ਜਾਂ ਸਕੂਲ ਜ਼ਿਲ੍ਹੇ ਦੇ ਖ਼ਾਸ ਸਿੱਖਿਆ ਨਿਦੇਸ਼ਕ; ਅਤੇ/ਜਾਂ, ਜ਼ਿਲ੍ਹੇ ਦੇ ਸੁਪਰੀਡੈਂਟ। ਜ਼ਿਲ੍ਹੇ ਵਾਸਤੇ ਸੰਪਰਕ ਜਾਣਕਾਰੀ ਖ਼ਾਸ ਸਿੱਖਿਆ ਡਾਇਰੈਕਟਰੀ ਵਿੱਚ ਵੇਖੀ ਜਾ ਸਕਦੀ ਹੈ।<br><br>ਇਸ ਸ਼ਿਕਾਇਤ ਦੀ ਇੱਕ ਕਾਪੀ ਈਮੇਲ, ਫੈਕਸ ਜਾਂ ਹਾਰਡਕਾਪੀ ਰਾਹੀਂ ਪ੍ਰਦਾਨ ਕੀਤੀ ਜਾ ਸਕਦੀ ਹੈ। ਹੇਠਾਂ, ਕਿਰਪਾ ਕਰਕੇ ਜਨਤਕ ਏਜੰਸੀ/ਸਕੂਲ ਜ਼ਿਲ੍ਹੇ ਦਾ ਨਾਮ ਸ਼ਾਮਲ ਕਰੋ ਅਤੇ ਦੱਸੋ ਕਿ ਪ੍ਰਤੀ ਕਿਵੇਂ ਪ੍ਰਦਾਨ ਕੀਤੀ ਗਈ।<br><br>______________________<br>______________________<br>______________________<br>ਭੇਜਣ ਦੀ ਮਿਤੀ: ______________ |

## ਖ਼ਾਸ ਸਿੱਖਿਆ ਭਾਈਚਾਰਾ ਸ਼ਿਕਾਇਤ ਸੰਬੰਧੀ ਦਿਸ਼ਾ-ਨਿਰਦੇਸ਼

ਇਸ ਫਾਰਮ ਨੂੰ ਪੂਰਾ ਕਰਨ ਵਿੱਚ ਸਹਾਇਤਾ ਵਾਸਤੇ, ਜਾਂ ਤੁਹਾਡੇ ਵਾਸਤੇ ਵੱਧ ਪਹੁੰਚਯੋਗ ਫਾਰਮੈਟ ਦੀ ਬੇਨਤੀ ਕਰਨ ਵਾਸਤੇ, ਕਿਰਪਾ ਕਰਕੇ ਖ਼ਾਸ ਸਿੱਖਿਆ ਵਿਭਾਗ ਦੇ ਜਨਤਕ ਹਦਾਇਤਾਂ ਦੇ ਸੁਪਰਡੈਂਟ ਦੇ ਦਫ਼ਤਰ (Office of Superintendent of Public Instruction) ਨਾਲ 360-725-6075 ਜਾਂ speced@k12.wa.us 'ਤੇ ਸੰਪਰਕ ਕਰੋ।

**ਤੁਹਾਨੂੰ ਆਪਣੀ ਸ਼ਿਕਾਇਤ ਦੀ ਇੱਕ ਪ੍ਰਤੀ OSPI ਅਤੇ ਸਕੂਲ/ਜ਼ਿਲ੍ਹਾ/ਜਨਤਕ ਏਜੰਸੀ ਨੂੰ ਇੱਕ ਹੀ ਸਮੇਂ 'ਤੇ ਭੇਜਣੀ ਹੋਵੇਗੀ।** ਤੁਸੀਂ ਖ਼ਾਸ ਸਿੱਖਿਆ ਡਾਇਰੈਕਟਰੀ ਵਿੱਚ ਸਕੂਲ/ਏਜੰਸੀ ਸੰਪਰਕ ਜਾਣਕਾਰੀ ਵੇਖ ਸਕਦੇ ਹੋ।

**ਤੁਹਾਡੀ ਸ਼ਿਕਾਇਤ ਵਿੱਚ ਤੁਹਾਡੇ ਦਸਤਖ਼ਤ ਹੋਣੇ ਚਾਹੀਦੇ ਹਨ।** ਅਪਾਹਜ ਵਿਅਕਤੀਆਂ ਦੀ ਸਿੱਖਿਆ ਐਕਟ (Individuals with Disabilities Education Act, IDEA) ਅਤੇ Washington ਖ਼ਾਸ ਸਿੱਖਿਆ ਵਿਨਿਯਮਾਂ ਦੇ ਅਨੁਸਾਰ ਦਸਤਖ਼ਤ ਲੋੜੀਂਦੇ ਹਨ।

**ਤੁਹਾਡੀ ਸ਼ਿਕਾਇਤ ਵਿੱਚ ਤੁਹਾਡਾ ਨਾਮ ਅਤੇ ਸੰਪਰਕ ਜਾਣਕਾਰੀ ਸ਼ਾਮਲ ਹੋਣੀ ਚਾਹੀਦੀ ਹੈ।** ਮਾਤਾ ਜਾਂ ਪਿਤਾ ਜਾਂ ਸ਼ਿਕਾਇਤਕਰਤਾ ਦਾ ਨਾਮ ਅਤੇ ਸੰਪਰਕ ਜਾਣਕਾਰੀ ਦੀ ਲੋੜ ਹੁੰਦੀ ਹੈ। ਜੇਕਰ ਸ਼ਿਕਾਇਤ ਵਿੱਚ ਕਿਸੇ ਨਾਮਿਤ ਵਿਦਿਆਰਥੀ ਦੇ ਸੰਬੰਧ ਵਿੱਚ ਦੋਸ਼ ਸ਼ਾਮਲ ਹੈ ਤਾਂ ਵਿਦਿਆਰਥੀ ਦਾ ਨਾਮ ਅਤੇ ਸੰਪਰਕ ਜਾਣਕਾਰੀ ਵੀ ਲੋੜੀਂਦੀ ਹੈ।

## ਭਾਗ I: ਵਿਦਿਆਰਥੀ ਜਾਣਕਾਰੀ (ਕਿਸੇ ਖ਼ਾਸ ਵਿਦਿਆਰਥੀ(ਆਂ) ਨਾਲ ਸੰਬੰਧਤ ਸ਼ਿਕਾਇਤਾਂ ਲਈ ਲਾਗੂ)

OSPI ਸਭ ਨੂੰ ਨਾਲ ਲੈ ਕੇ ਚੱਲਣ ਅਤੇ ਉਹ ਤਰੀਕੇ ਅਪਣਾਉਣ ਦੀ ਕੋਸ਼ਿਸ਼ ਕਰਦਾ ਹੈ ਜੋ ਮੌਕਿਆਂ ਵਿੱਚ ਫਰਕ ਨੂੰ ਖਤਮ ਕਰਦੇ ਹਨ। ਜੇਕਰ ਤੁਸੀਂ ਆਪਣੀ ਮਰਜ਼ੀ ਨਾਲ ਆਪਣੇ ਬੱਚੇ ਦੀ ਅਪਾਹਜਤਾ ਸਥਿਤੀ, ਨਸਲ ਅਤੇ ਲਿੰਗ ਬਾਰੇ ਜਾਣਕਾਰੀ ਪ੍ਰਦਾਨ ਕਰਦੇ ਹੋ, ਤਾਂ ਤੁਹਾਡੀ ਗੁਪਤ ਜਾਣਕਾਰੀ ਦੀ ਵਰਤੋਂ ਸਿਰਫ਼ ਸਾਡੇ ਰਾਜ ਵਿੱਚ ਸਮੁੱਚੇ ਰੁਝਾਨਾਂ ਦੀ ਪਛਾਣ ਕਰਨ ਅਤੇ OSPI ਦੇ ਮਾਰਗਦਰਸ਼ਨ ਅਤੇ ਵਿਵਾਦ ਨਿਪਟਾਰਾ ਪ੍ਰਕਿਰਿਆਵਾਂ ਨੂੰ ਬਿਹਤਰ ਬਣਾਉਣ ਲਈ ਕੀਤੀ ਜਾਂਦੀ ਹੈ। *ਜੇਕਰ ਸ਼ਿਕਾਇਤ ਇੱਕ ਤੋਂ ਵੱਧ ਵਿਦਿਆਰਥੀਆਂ ਬਾਰੇ ਹੈ, ਤਾਂ ਕਿਰਪਾ ਕਰਕੇ ਇੱਕ ਵਾਧੂ ਪੰਨੇ ਦੀ ਵਰਤੋਂ ਕਰੋ।*

| | | |
|---|---|---|
| ਵਿਦਿਆਰਥੀ ਦਾ ਨਾਮ | ਵਿਦਿਆਰਥੀ ਦੀ ਅਪਾਹਜਤਾ ਸਥਿਤੀ (ਵਿਕਲਪਿਕ) | ਗ੍ਰੇਡ, ਨਸਲ/ਜਾਤ, ਲਿੰਗ (ਵਿਕਲਪਿਕ) |
| ਜਨਤਕ ਏਜੰਸੀ (ਲੋੜੀਂਦੀ) | ਸਕੂਲ ਦਾ ਨਾਮ (ਵਿਕਲਪਕ) | |

Office of Superintendent of Public Instruction ਦੁਆਰਾ ਵਿਸ਼ੇਸ਼ ਸਿੱਖਿਆ ਸੰਬੰਧੀ ਸ਼ਿਕਾਇਤ ਲਈ ਬੇਨਤੀ Creative Commons ਐਟ੍ਰੀਬਿਊਸ਼ਨ ਲਾਇਸੈਂਸ ਅਧੀਨ ਲਾਇਸੰਸਸ਼ੁਦਾ ਹੈ।

## <u>ਭਾਗ II:  ਸ਼ਿਕਾਇਤਕਰਤਾ ਦੀ ਜਾਣਕਾਰੀ</u>

| | |
|---|---|
| ਨਾਮ | ਮੁਢਲੀ ਭਾਸ਼ਾ (ਵਿਕਲਪਿਕ) |
| ਪਤਾ | ਸੰਚਾਰ ਦਾ ਤਰਜੀਹੀ ਢੰਗ (ਵਿਕਲਪਿਕ) |
| ਸ਼ਹਿਰ/ਰਾਜ/ਜ਼ਿਪ | ਨਸਲ/ਜਾਤ, ਲਿੰਗ (ਵਿਕਲਪਿਕ) |
| ਸੰਪਰਕ ਜਾਣਕਾਰੀ: ਫ਼ੋਨ ਜਾਂ ਈਮੇਲ | **ਵਿਦਿਆਰਥੀ ਨਾਲ ਸੰਬੰਧ (ਮਾਤਾ/ਪਿਤਾ/ਸਰਪ੍ਰਸਤ/ਹੋਰ) (ਵਿਕਲਪਿਕ)** |
| **X ਤੁਹਾਡੇ ਦਸਤਖ਼ਤ** | **ਮਿਤੀ** |

## ਭਾਗ III: ਇਲਜ਼ਾਮ - ਤੁਹਾਨੂੰ ਕੀ ਲੱਗਦਾ ਹੈ ਕਿ ਏਜੰਸੀ/ਜ਼ਿਲ੍ਹੇ/ਸਕੂਲ ਨੇ ਕੀ ਗਲਤ ਕੀਤਾ?

**A. ਕਥਿਤ ਉਲੰਘਣਾ(ਵਾਂ) ਬਾਰੇ ਤੁਹਾਡਾ ਬਿਆਨ:**

ਤੁਹਾਨੂੰ ਇਹ ਜਾਣਨ ਦੀ ਲੋੜ ਨਹੀਂ ਹੈ ਕਿ ਕਿਹੜੇ ਖਾਸ ਕਾਨੂੰਨ ਦੀ ਉਲੰਘਣਾ ਕੀਤੀ ਗਈ ਸੀ, ਪਰ ਕਿਰਪਾ ਕਰਕੇ ਸਪਸ਼ਟ ਤੌਰ 'ਤੇ ਦੱਸੋ ਕਿ ਤੁਸੀਂ ਕੀ ਸੋਚਦੇ ਹੋ ਕਿ ਏਜੰਸੀ/ਜ਼ਿਲ੍ਹਾ/ਸਕੂਲ ਨੇ ਗਲਤ ਕੀਤਾ ਹੈ, ਜਿਵੇਂ ਕਿ: "ਅਧਿਆਪਕ ਮੇਰੇ ਬੱਚੇ ਦੇ IEP ਦੀ ਪਾਲਣਾ ਨਹੀਂ ਕਰ ਰਹੇ ਹਨ।" ਜੇਕਰ ਤੁਹਾਨੂੰ ਲਿਖਣ ਲਈ ਹੋਰ ਥਾਂ ਚਾਹੀਦੀ ਹੈ ਤਾਂ ਕਿਰਪਾ ਕਰਕੇ ਪੰਨੇ ਨੱਥੀ ਕਰੋ। OSPI ਸਿਰਫ਼ ਉਹਨਾਂ ਖ਼ਾਸ ਸਿੱਖਿਆ ਦੋਸ਼ਾਂ ਦੀ ਜਾਂਚ ਕਰ ਸਕਦਾ ਹੈ ਜੋ ਤੁਹਾਡੀ ਸ਼ਿਕਾਇਤ ਪ੍ਰਾਪਤ ਹੋਣ ਦੀ ਮਿਤੀ ਤੋਂ ਇੱਕ ਸਾਲ ਦੇ ਅੰਦਰ ਅੰਦਰ ਹੋਏ ਹਨ। ਉਦਾਹਰਨ ਲਈ, ਜੇਕਰ ਸਾਨੂੰ 1 ਅਕਤੂਬਰ, 2021 ਨੂੰ ਸ਼ਿਕਾਇਤ ਮਿਲਦੀ ਹੈ, ਤਾਂ ਅਸੀਂ 2 ਅਕਤੂਬਰ, 2020 ਤੋਂ ਸ਼ੁਰੂ ਹੋਣ ਵਾਲੀ ਮਿਆਦ ਦੀ ਜਾਂਚ ਕਰ ਸਕਦੇ ਹਾਂ।

| ਮੇਰਾ ਮੰਨਣਾ ਹੈ ਕਿ ਸਕੂਲ ਨੇ ਖ਼ਾਸ ਸਿੱਖਿਆ ਕਨੂੰਨ ਦੀ ਉਲੰਘਣਾ ਕੀਤੀ ਹੈ: |
|---|
| |

**B. ਤੁਹਾਡੇ ਦੋਸ਼ ਬਾਰੇ ਤੱਥ:**

ਕਿਰਪਾ ਕਰਕੇ ਜੋ ਹੋਇਆ, ਉਸ ਬਾਰੇ ਖਾਸ ਮਿਤੀਆਂਂ, ਸਮੇਂ ਅਤੇ ਕੋਈ ਹੋਰ ਸੰਬੰਧਿਤ ਜਾਣਕਾਰੀ ਸ਼ਾਮਲ ਕਰੋ।

**C. ਕਿਹੜੇ ਦਸਤਾਵੇਜ਼ ਤੁਹਾਡੇ ਦੋਸ਼ ਦਾ ਸਮਰਥਨ ਕਰਦੇ ਹਨ? (ਵਿਕਲਪਿਕ)**

ਸਕੂਲ ਦੇ ਪੱਤਰ, ਵਿਦਿਆਰਥੀ ਦਾ ਮੁਲਾਂਕਣ ਅਤੇ IEP, ਨੋਟਿਸ, ਅਤੇ ਹੋਰ ਦਸਤਾਵੇਜ਼ ਇਹ ਦਿਖਾਉਣ ਵਿੱਚ ਮਦਦ ਕਰ ਸਕਦੇ ਹਨ ਕਿ ਕੀ ਹੋਇਆ ਹੈ ਅਤੇ ਤੁਹਾਨੂੰ ਕੀ ਲੱਗਦਾ ਹੈ ਕਿ ਸਕੂਲ ਨੇ ਕੀ ਗਲਤ ਕੀਤਾ ਹੈ। ਜਦੋਂ ਕਿ ਤੁਹਾਨੂੰ ਇਹਨਾਂ ਦਸਤਾਵੇਜ਼ਾਂ ਨੂੰ ਨੱਥੀ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ, ਇਹ ਲਾਜ਼ਮੀ ਨਹੀਂ ਹੈ।

**ਸ. ਤੁਸੀਂ ਕੀ ਚਾਹੁੰਦੇ ਹੋ ਕਿ ਹੋਵੇ?**

ਕਿਰਪਾ ਕਰਕੇ ਵਰਣਨ ਕਰੋ ਕਿ ਤੁਸੀਂ ਕਿਹੜੀਆਂ ਕਾਰਵਾਈਆਂ ਜਾਂ ਉਪਚਾਰਾਂ ਨੂੰ ਦੇਖਣਾ ਚਾਹੁੰਦੇ ਹੋ ਕਿ ਕੀ OSPI ਇਹ ਨਿਰਧਾਰਤ ਕਰਦਾ ਹੈ ਕਿ ਸਕੂਲ ਨੇ ਵਿਦਿਆਰਥੀ ਦੇ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ।

# ਖ਼ਾਸ ਸਿੱਖਿਆ ਭਾਈਚਾਰਾ ਸ਼ਿਕਾਇਤ ਸੰਬੰਧੀ ਜਾਣਕਾਰੀ

**ਕੀ ਇਹ ਖ਼ਾਸ ਸਿੱਖਿਆ ਸੇਵਾਵਾਂ ਤੋਂ ਇਲਾਵਾ ਕਿਸੇ ਹੋਰ ਚੀਜ਼ ਨਾਲ ਸੰਬੰਧਤ ਹੈ?**
ਜੇਕਰ ਤੁਹਾਡੀ ਸ਼ਿਕਾਇਤ ਪੱਖਪਾਤ ਜਾਂ ਰਿਹੈਬਲੀਟੇਸ਼ਨ ਐਕਟ ਦੀ ਧਾਰਾ 504 ਦੇ ਤਹਿਤ ਵਿਦਿਆਰਥੀ ਦੇ ਅਧਿਕਾਰਾਂ ਨਾਲ ਸੰਬੰਧਿਤ ਹੈ ਤਾਂ ਕਿਰਪਾ ਕਰਕੇ 1-800-421-3481 'ਤੇ ਨਾਗਰਿਕ ਅਧਿਕਾਰ ਦਫ਼ਤਰ ਜਾਂ 360-725-6162 'ਤੇ OSPI ਦੇ ਸਮਾਨਤਾ ਅਤੇ ਨਾਗਰਿਕ ਅਧਿਕਾਰ ਦਫ਼ਤਰ ਨਾਲ ਸੰਪਰਕ ਕਰੋ। ਕਾਰੋਬਾਰੀ ਆਚਰਣ ਨਾਲ ਸੰਬੰਧਿਤ ਸਵਾਲਾਂ ਵਾਸਤੇ ਪੇਸ਼ੇਵਰ ਕਾਰਜਾਂ ਦਾ ਦਫ਼ਤਰ (Office of Professional Practices, OPP) ਨਾਲ 360-725-6130 'ਤੇ ਸੰਪਰਕ ਕੀਤਾ ਜਾਣਾ ਚਾਹੀਦਾ ਹੈ।

**ਸ਼ਿਕਾਇਤ ਦੀ ਜਾਂਚ ਦੌਰਾਨ ਸਾਂਝੀ ਕੀਤੀ ਗਈ ਜਾਣਕਾਰੀ**
ਵਾਸ਼ਿੰਗਟਨ ਖ਼ਾਸ ਸਿੱਖਿਆ ਵਿਨਿਯਮਾਂ ਦੇ ਅਨੁਸਾਰ OSPI ਨੂੰ ਜ਼ਿਲ੍ਹੇ ਦੁਆਰਾ ਉਪਲਬਧ ਕਰਵਾਏ ਗਏ ਕਿਸੇ ਵੀ ਦਸਤਾਵੇਜ਼ ਨੂੰ ਮਾਤਾ-ਪਿਤਾ/ਸ਼ਿਕਾਇਤਕਰਤਾ ਨਾਲ ਸਾਂਝਾ ਕਰਨਾ ਜ਼ਰੂਰੀ ਹੈ ਅਤੇ ਜਾਂਚ ਦੇ ਭਾਗ ਵਜੋਂ ਮਾਤਾ-ਪਿਤਾ/ਸ਼ਿਕਾਇਤਕਰਤਾ ਦੁਆਰਾ ਜ਼ਿਲ੍ਹੇ ਨਾਲ ਸਾਂਝੀ ਕੀਤੀ ਗਈ ਕੋਈ ਵੀ ਜਾਣਕਾਰੀ ਨੂੰ ਸਾਂਝਾ ਕਰਨਾ ਜ਼ਰੂਰੀ ਹੈ। ਜੇਕਰ ਸ਼ਿਕਾਇਤਕਰਤਾ, ਸ਼ਿਕਾਇਤ ਵਿੱਚ ਸ਼ਾਮਲ ਵਿਦਿਆਰਥੀ ਦੇ ਮਾਤਾ-ਪਿਤਾ/ਸਰਪ੍ਰਸਤ ਨਹੀਂ ਹੈ ਤਾਂ OSPI ਨੂੰ ਵਿਦਿਆਰਥੀ ਬਾਰੇ ਕੋਈ ਵੀ ਵਿਅਕਤੀਗਤ ਪਛਾਣਯੋਗ ਜਾਣਕਾਰੀ ਸਾਂਝੀ ਕਰਨ ਤੋਂ ਪਹਿਲਾਂ, ਮਾਤਾ-ਪਿਤਾ ਦੁਆਰਾ ਹਸਤਾਖ਼ਰਿਤ ਜਾਣਕਾਰੀ ਜਾਰੀ ਕਰਨ ਦੀ ਲੋੜ ਹੁੰਦੀ ਹੈ। ਸ਼ਿਕਾਇਤਾਂ ਦੀ ਪ੍ਰਕਿਰਿਆ ਬਾਰੇ ਵਧੇਰੀ ਜਾਣਕਾਰੀ ਲਈ ਇੱਥੇ ਜਾਓ: ਸ਼ਿਕਾਇਤ ਪ੍ਰਕਿਰਿਆ ਦੀ ਸੰਖੇਪ ਜਾਣਕਾਰੀ।

**ਆਬਾਦੀ ਸੰਬੰਧੀ ਅੰਕੜੇ**
OSPI ਸਭ ਨੂੰ ਨਾਲ ਲੈ ਕੇ ਚੱਲਣ ਅਤੇ ਉਹ ਤਰੀਕੇ ਅਪਣਾਉਣ ਦੀ ਕੋਸ਼ਿਸ਼ ਕਰਦਾ ਹੈ ਜੋ ਮੌਕਿਆਂ ਵਿੱਚ ਫਰਕ ਨੂੰ ਖਤਮ ਕਰਦੇ ਹਨ। ਜੇਕਰ ਤੁਸੀਂ ਸਵੈ-ਇੱਛਾ ਨਾਲ ਆਪਣੇ ਬੱਚੇ ਨੂੰ ਅਪਾਹਜਤਾ ਦੀ ਸਥਿਤੀ, ਆਪਣੇ ਪਰਿਵਾਰ ਦੇ ਮੈਂਬਰਾਂ ਦੀ ਨਸਲ ਅਤੇ ਜਾਤੀ, ਅਤੇ ਆਪਣੇ ਵਿਦਿਆਰਥੀ ਦੀ ਲਿੰਗ ਪਛਾਣ ਬਾਰੇ ਜਾਣਕਾਰੀ ਪ੍ਰਦਾਨ ਕਰਦੇ ਹੋ ਤਾਂ ਅਸੀਂ ਤੁਹਾਡੀ ਗੁਪਤ ਜਾਣਕਾਰੀ ਨੂੰ ਨਿੱਜੀ ਰੱਖਾਂਗੇ ਅਤੇ ਇਸ ਦੀ ਵਰਤੋਂ ਸਿਰਫ਼ ਸਾਡੇ ਰਾਜ ਵਿੱਚ ਰੁਝਾਨਾਂ ਦੀ ਪਛਾਣ ਕਰਨ ਵਾਸਤੇ ਕਰਾਂਗੇ। ਅਸੀਂ ਇਸ ਜਾਣਕਾਰੀ ਨੂੰ ਕਿਸੇ ਵੀ ਵਿਅਕਤੀਗਤ ਵਿਦਿਆਰਥੀ ਜਾਂ ਪਰਿਵਾਰ ਨਾਲ ਜੋੜੇ ਬਿਨਾਂ, ਸੰਪੂਰਨ ਤੌਰ 'ਤੇ ਵਰਤੋਂ ਕਰਦੇ ਹਾਂ, ਤਾਂ ਕਿ ਵਾਸ਼ਿੰਗਟਨ ਸਕੂਲਾਂ ਵਾਸਤੇ ਸਾਡੇ ਮਾਰਗਦਰਸ਼ਨ ਵਿੱਚ ਲਗਾਤਾਰ ਸੁਧਾਰ ਹੋ ਸਕੇ ਅਤੇ ਵਿਦਿਆਰਥੀਆਂ ਅਤੇ ਪਰਿਵਾਰਾਂ ਦੇ ਅਧਿਕਾਰਾਂ ਦਾ ਸਮਰਥਨ ਕਰਨ ਵਾਲੀਆਂ ਸਾਡੀਆਂ ਪ੍ਰਕਿਰਿਆਵਾਂ ਵਿੱਚ ਸੁਧਾਰ ਹੋ ਸਕੇ।

OSPI, ਆਮ ਤੌਰ 'ਤੇ, ਵਿਸ਼ੇਸ਼ ਸਿੱਖਿਆ ਭਾਈਚਾਰਾ ਸ਼ਿਕਾਇਤ (Special Education Community Complaint, SECC) ਜਾਂਚ ਕਿਰਿਆ ਦੇ ਦੌਰਾਨ OSPI ਨੂੰ ਪ੍ਰਦਾਨ ਕੀਤੀ ਗਈ ਜਾਣਕਾਰੀ (ਜਿਵੇਂ, ਈਮੇਲ ਅਤੇ ਖ਼ਾਸ ਸਿੱਖਿਆ ਦਸਤਾਵੇਜ਼) ਨੂੰ ਹੋਰ ਵਿਅਕਤੀਆਂ, ਸੰਸਥਾਵਾਂ ਜਾਂ ਸੰਘੀ ਜਾਂ ਰਾਜ ਏਜੰਸੀਆਂ ਨਾਲ ਸਾਂਝਾ ਨਹੀਂ ਕਰਦਾ ਹੈ।

ਵਾਸ਼ਿੰਗਟਨ ਰਾਜ ਦੇ ਜਨਤਕ ਰਿਕਾਰਡ ਐਕਟ ਦੇ ਤਹਿਤ ਜਨਤਾ ਅਜਿਹੀ ਜਾਣਕਾਰੀ ਤੱਕ ਪਹੁੰਚ ਦੀ ਬੇਨਤੀ ਕਰ ਸਕਦੀ ਹੈ, ਪਰ ਜੇਕਰ ਅਜਿਹੀ ਬੇਨਤੀ ਕੀਤੀ ਜਾਂਦੀ ਹੈ ਤਾਂ ਕਈ "ਛੋਟਾਂ" ਉਪਲਬਧ ਹਨ। ਦੂਜੇ ਸ਼ਬਦਾਂ ਵਿੱਚ, ਕਈ ਕਿਸਮ ਦੀ ਜਾਣਕਾਰੀ ਅਜਿਹੀ ਹੁੰਦੀ ਹੈ ਜਿਸ ਤੱਕ ਆਮ ਜਨਤਾ **ਨਹੀਂ** ਪਹੁੰਚ ਪਾਉਂਦੀ। ਮਹੱਤਵਪੂਰਨ ਗੱਲ ਇਹ ਹੈ ਕਿ ਜਨਤਕ ਰਿਕਾਰਡ ਬੇਨਤੀ ਦੇ ਜਵਾਬ ਵਿੱਚ OSPI ਦੁਆਰਾ ਅੱਗੇ ਦਿੱਤੀ ਜਾਣਕਾਰੀ ਪ੍ਰਦਾਨ **ਨਹੀਂ** ਕੀਤੀ ਜਾਵੇਗੀ:

- ਅਜਿਹੀ ਜਾਣਕਾਰੀ ਜੋ ਇਕੱਲਿਆਂ ਅਤੇ ਸੁਮੇਲ ਵਿੱਚ ਕਿਸੇ ਖ਼ਾਸ ਵਿਦਿਆਰਥੀ ਨਾਲ ਜੁੜੀ ਹੈ ਜਾਂ ਉਸ ਨਾਲ ਜੋੜੀ ਜਾ ਸਕਣ ਵਾਲੀ ਹੋਵੇ, ਜਿਸ ਨਾਲ ਸਕੂਲ ਭਾਈਚਾਰੇ ਵਿੱਚ ਕਿਸੇ ਸਮਝਦਾਰ ਵਿਅਕਤੀ ਨੂੰ, ਜਿਸ ਨੂੰ ਸੰਬੰਧਿਤ ਹਾਲਾਤਾਂ ਬਾਰੇ ਨਿੱਜੀ ਜਾਣਕਾਰੀ ਨਾ ਹੋਵੇ, ਉਸ ਵਿਦਿਆਰਥੀ ਦੀ ਪਛਾਣ ਯਕੀਨੀ ਤੌਰ ਤੇ ਕਰਨ ਵਿੱਚ ਸਹਾਇਤਾ ਮਿਲੇ। ਉਦਾਹਰਨ ਵਾਸਤੇ, ਤੁਹਾਡੇ ਬੱਚਿਆਂ ਦੀ ਅਪਾਹਜਤਾ ਜਾਂ ਨਸਲ ਅਤੇ ਜਾਤੀ ਬਾਰੇ ਜਾਣਕਾਰੀ।
- ਕਿਸੇ ਵਿਦਿਆਰਥੀ ਦੇ ਪਰਿਵਾਰ ਦੇ ਮੈਂਬਰਾਂ ਜਾਂ ਸਰਪ੍ਰਸਤਾਂ ਦੀ ਵਿਅਕਤੀਗਤ ਜਾਣਕਾਰੀ, ਜੇਕਰ ਜਾਣਕਾਰੀ ਦੇ ਨਤੀਜੇ ਵਿਦਿਆਰਥੀ ਦੀ ਵਿਅਕਤੀਗਤ ਜਾਣਕਾਰੀ ਦਾ ਖੁਲਾਸਾ ਹੋ ਸਕਦਾ ਹੋਵੇ।
- ਪਰਿਵਾਰ ਦੇ ਮੈਂਬਰਾਂ ਜਾਂ ਸਰਪ੍ਰਸਤਾਂ ਦੀ ਆਪਾਤਕਾਲੀਨ ਸੰਪਰਕ ਜਾਣਕਾਰੀ।

ਜਨਤਕ ਰਿਕਾਰਡ ਬੇਨਤੀਆਂ 'ਤੇ ਵਾਧੂ ਜਾਣਕਾਰੀ ਵਾਸਤੇ, ਕਿਰਪਾ ਕਰਕੇ ਇਹਨਾਂ ਸਰੋਤਾਂ ਦਾ ਸੰਦਰਭ ਲਓ:

- OSPI ਜਨਤਕ ਰਿਕਾਰਡ ਲਈ ਬੇਨਤੀ
- OSPI ਜਨਤਕ ਰਿਕਾਰਡ ਸੰਬੰਧੀ ਛੋਟ ਕੋਡ
- ਅਟਾਰਨੀ ਜਨਰਲ ਦਾ WA ਦਫ਼ਤਰ (WA Office of the Attorney General): ਰਿਕਾਰਡ ਪ੍ਰਾਪਤ ਕਰਨਾ